## ਓਨਟੇਰੀਓ ਵਿੱਚ ਮਨੁੱਖੀ ਹੱਕਾਂ ਦੀ ਇੱਕ ਨਵੀਂ ਪ੍ਰਣਾਲੀ

ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਨਵੀਂ ਪ੍ਰਣਾਲੀ 30 ਜੂਨ 2008 ਨੂੰ ਆਰੰਭ ਹੋਈ ਹੈ। ਮਨੁੱਖੀ ਹੱਕਾਂ ਬਾਰੇ ਨਵੇਂ ਕਾਨੂੰਨ *ਹਿਊਮਨ ਰਾਈਟਸ ਕੋਡ* (*Human Rights Code*) ਅਧੀਨ ਕੋਈ ਵੀ ਅਜਿਹਾ ਵਿਅਕਤੀ ਜਿਸ ਨੂੰ ਵਿਤਕਰੇ ਦਾ ਸਾਮ੍ਹਣਾ ਕਰਨਾ ਪਿਆ ਹੋਵੇ, ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਸਿੱਧੀ ਅਰਜ਼ੀ ਦਾਇਰ ਕਰ ਸਕਦਾ ਹੈ। 30 ਜੂਨ 2008 ਤੋਂ ਬਾਅਦ ਮਨੁੱਖੀ ਹੱਕਾਂ ਬਾਰੇ ਨਵੀਆਂ ਸਾਰੀਆਂ ਅਰਜ਼ੀਆਂ ਟ੍ਰਿਬਿਊਨਲ ਕੋਲ ਹੀ ਦਾਇਰ ਕਰਨੀਆਂ ਪੈਣਗੀਆਂ, ਨਾ ਕਿ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਕੋਲ। ਕਾਨੂੰਨੀ ਹਿਮਾਇਤ ਦਾ ਨਵਾਂ ਕੇਂਦਰ ਅਜਿਹੇ ਵਿਅਕਤੀਆਂ ਨੂੰ ਕਾਨੂੰਨੀ ਮਦਦ ਪੇਸ਼ ਕਰਦਾ ਹੈ ਜਿਨ੍ਹਾਂ ਨਾਲ *ਕੋਡ* ਵਿੱਚ ਦੱਸੇ ਮੁਤਾਬਕ ਵਿਤਕਰਾ ਹੋਇਆ ਹੋਵੇ।

---

## ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ

ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਓਨਟੇਰੀਓ ਭਰ ਦੇ ਨਗਰਾਂ ਵਿੱਚ ਅਜਿਹੇ ਵਿਅਕਤੀਆਂ ਲਈ ਕਾਨੂੰਨੀ ਮਦਦ ਪੇਸ਼ ਕਰਦਾ ਹੈ ਜਿਨ੍ਹਾਂ ਨਾਲ *ਓਨਟੇਰੀਓ ਹਿਊਮਨ ਰਾਈਟਸ ਕੋਡ* ਮੁਤਾਬਕ ਵਿਤਕਰਾ ਹੋਇਆ ਹੋਵੇ, ਅਤੇ ਜਿਹੜੇ ਹੋ ਸਕਦਾ ਹੈ ਕਿ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਕੋਈ ਅਰਜ਼ੀ ਦਾਇਰ ਕਰਨਾ ਚਾਹੁੰਦੇ ਹੋਣ।

## ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਕੋਲੋਂ ਮੈਨੂੰ ਮਦਦ ਕਿਵੇਂ ਮਿਲ ਸਕਦੀ ਹੈ?

ਜੇ ਤੁਹਾਡੇ ਨਾਲ ਵਿਤਕਰਾ ਹੋਇਆ ਹੋਵੇ ਅਤੇ ਤੁਹਾਨੂੰ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਅਰਜ਼ੀ ਦਾਇਰ ਕਰਨ ਲਈ ਜਾਂ *ਹਿਊਮਨ ਰਾਈਟਸ ਕੋਡ* ਤਹਿਤ ਵਿਤਕਰੇ ਦਾ ਕੋਈ ਮੁੱਦਾ ਸੁਲਝਾਉਣ ਲਈ ਕਾਨੂੰਨੀ ਸਲਾਹ ਚਾਹੀਦੀ ਹੋਵੇ ਤਾਂ ਲੀਗਲ ਸੈਂਟਰ ਨਾਲ ਸੰਪਰਕ ਕਰੋ।

ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ
400 University Avenue, 7th Floor
Toronto, Ontario M7A 1X8
ਫ਼ੋਨ (416) 314-6266
ਟੋਲ-ਫ੍ਰੀ: 1-866—625-5179
ਟੀ.ਟੀ.ਵਾਈ.: (416) 314-6651
ਟੀ.ਟੀ.ਵਾਈ. ਟੋਲ-ਫ੍ਰੀ: 1-866 612-8627
www.hrlsc.on.ca

ਜੇ ਤੁਸੀਂ ਕੋਈ ਨਿਜੀ ਇੰਟਰਵਿਊ ਦਾ ਇੰਤਜ਼ਾਮ ਕਰਨਾ ਚਾਹੁੰਦੇ ਹੋਵੋਂ ਤਾਂ ਤੁਹਾਨੂੰ ਸਾਡੇ ਨਾਲ ਉਪ੍ਰੋਕਤ ਫ਼ੋਨ ਨੰਬਰਾਂ 'ਤੇ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਗ੍ਰੇਟਰ ਟੋਰੰਟੋ ਏਰੀਏ ਦੇ ਬਾਹਰ ਰਹਿੰਦੇ ਹੋਵੋਂ ਤਾਂ ਸਾਡੇ ਨਾਲ਼ ਸੰਪਰਕ ਕਰੋ ਅਤੇ ਅਸੀਂ ਤੁਹਾਡੇ ਨਾਲ ਇਸ ਬਾਰੇ ਵਿਚਾਰ ਕਰਾਂਗੇ ਕਿ ਤੁਹਾਡੀਆਂ ਲੋੜਾਂ ਕਿਵੇਂ ਪੂਰੀਆਂ ਕੀਤੀਆਂ ਜਾਣ। ਅਸੀਂ ਤੁਹਾਨੂੰ ਤੁਹਾਡੇ ਨਗਰ ਵਿੱਚ ਢੁਕਵੀਂ ਸੇਵਾ ਪੇਸ਼ ਕਰਨ ਲਈ ਆਪਣੀ ਪੂਰੀ ਵਾਹ ਲਾਵਾਂਗੇ। ਅਸੀਂ 140 ਤੋਂ ਵੀ ਵਧੇਰੇ ਬੋਲੀਆਂ ਵਿੱਚ ਸੇਵਾ ਪੇਸ਼ ਕਰ ਸਕਦੇ ਹਾਂ।

---

## ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਮਨੁੱਖੀ ਹੱਕਾਂ ਦੀ ਤਰੱਕੀ, ਹਿਫ਼ਾਜ਼ਤ ਅਤੇ ਇਨ੍ਹਾਂ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਹੈ। ਇਸ ਦਾ ਧਿਆਨ ਮੁੱਖ ਤੌਰ 'ਤੇ ਵਿਤਕਰੇ ਦੀ ਜੜ੍ਹ ਨੂੰ ਸੰਬੋਧਨ ਹੋਣਾ ਹੈ। ਜੇ ਤੁਸੀਂ ਓਨਟੇਰੀਓ ਵਿੱਚ ਮਨੁੱਖੀ ਹੱਕਾਂ ਬਾਰੇ ਆਮ ਜਾਣਕਾਰੀ ਚਾਹੁੰਦੇ ਹੋਵੋਂ ਜਾਂ ਜੇ ਤੁਸੀਂ ਵਿਤਕਰੇ ਬਾਰੇ ਜਾਣਕਾਰੀ ਦੇ ਪਸਾਰੇ ਅਤੇ ਵਿੱਦਿਆ ਬਾਰੇ ਉਨ੍ਹਾਂ ਦੇ ਯਤਨਾਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋਵੋਂ ਤਾਂ ਕਮਿਸ਼ਨ ਨਾਲ ਸੰਪਰਕ ਕਰੋ।

## ਜੇ ਪਹਿਲਾਂ ਹੀ ਕਮਿਸ਼ਨ ਵਿਖੇ ਮੇਰੀ ਮਨੁੱਖੀ ਹੱਕਾਂ ਬਾਰੇ ਇੱਕ ਸ਼ਿਕਾਇਤ ਦਾਇਰ ਹੋਈ ਹੋਵੇ?

ਜੇ ਤੁਸੀਂ 30 ਜੂਨ 2008 ਤੋਂ ਪਹਿਲਾਂ ਸ਼ਿਕਾਇਤ ਦਾਇਰ ਕੀਤੀ ਹੈ ਤਾਂ ਆਪਣੀ ਸ਼ਿਕਾਇਤ ਬਾਰੇ ਪਤਾ ਕਰਨ ਲਈ ਕਮਿਸ਼ਨ ਨੂੰ ਫ਼ੋਨ ਕਰੋ।

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ
180 Dundas Street W., 7th Floor
Toronto, ON M7A 2R9
ਸਥਾਨਕ ਫ਼ੋਨ: (416) 326-9511
ਟੋਲ-ਫ੍ਰੀ: (1-800-387-9080
ਟੀ.ਟੀ.ਵਾਈ. (ਸਥਾਨਕ): (416) 314-6526
ਟੀ.ਟੀ.ਵਾਈ. (ਟੋਲ-ਫ੍ਰੀ): 1-800-308-5561
www.ohrc.on.ca

## ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ

ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਵਿਤਕਰੇ ਦੇ ਉਨਾਂ ਸਾਰੇ ਮਾਮਲਿਆਂ ਨੂੰ ਨਜਿੱਠਦਾ ਹੈ ਜਿਹੜੇ *ਓਨਟੇਰੀਓ ਹਿਊਮਨ ਰਾਈਟਸ ਕੋਡ* ਅਧੀਨ ਦਾਇਰ ਕੀਤੇ ਗਏ ਹੋਣ। ਟ੍ਰਿਬਿਊਨਲ ਅਰਜ਼ੀਆਂ ਨੂੰ ਸਾਲਸੀ ਜਾਂ ਮੁੱਕਦਮੇ ਦੀ ਕਾਰਵਾਈ ਰਾਹੀਂ ਨਿਪਟਾਉਂਦਾ ਹੈ। ਹੇਠ ਲਿਖੇ ਮਾਮਲਿਆਂ ਲਈ ਟ੍ਰਿਬਿਊਨਲ ਨਾਲ ਸੰਪਰਕ ਕਰੋ:

- ਵਿਤਕਰੇ ਦਾ ਦਾਅਵਾ ਕਰਨ ਲਈ ਦਰਖ਼ਾਸਤ ਲਈ
- ਵਿਤਕਰੇ ਦੇ ਆਪਣੇ ਤਜਰਬੇ ਬਾਰੇ ਦਰਖ਼ਾਸਤ ਭਰਨ ਲਈ ਗਾਈਡ ਲਈ
- ਵਿਤਕਰੇ ਭਰੇ ਸਲੂਕ ਸੰਬੰਧੀ ਦਰਖ਼ਾਸਤ ਦਾਇਰ ਕਰਨ ਦੀ ਕਾਰਵਾਈ ਬਾਰੇ ਜਾਣਕਾਰੀ ਲਈ
- ਕਿਸੇ ਅਜਿਹੀ ਦਰਖ਼ਾਸਤ ਸੰਬੰਧੀ ਜਾਣਕਾਰੀ ਲਈ ਜੋ ਤੁਸੀਂ ਟ੍ਰਿਬਿਊਨਲ ਕੋਲ ਵਿਤਕਰੇ ਬਾਰੇ ਦਾਇਰ ਕੀਤੀ ਹੈ।

ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ
655 Bay Street, 14th floor
Toronto, ON M7A 2A3
ਸਥਾਨਕ ਫ਼ੋਨ: (416) 326-1312
ਟੋਲ-ਫ੍ਰੀ: 1-866-598-0322
ਟੀ.ਟੀ.ਵਾਈ. (ਸਥਾਨਕ): (416) 326-2027
ਟੀ.ਟੀ.ਵਾਈ. (ਟੋਲ-ਫ੍ਰੀ): 1-866-607-1240
ਫ਼ੈਕਸ: (416) 326-2199
ਫ਼ੈਕਸ (ਟੋਲ-ਫ੍ਰੀ): 1-866-355-6099
www.hrto.ca

## ਓਨਟੇਰੀਓ *ਹਿਊਮਨ ਰਾਈਟਸ ਕੋਡ*

ਓਨਟੇਰੀਓ *ਹਿਊਮਨ ਰਾਈਟਸ ਕੋਡ* ਹੇਠ ਲਿਖੇ ਖੇਤਰਾਂ ਵਿੱਚ ਵਿਤਕਰੇ ਦੇ ਮੁੱਦੇ ਨਜਿੱਠਦਾ ਹੈ:

- ਰੋਜ਼ਗਾਰ
- ਰਿਹਾਇਸ਼
- ਇਕਰਾਰਨਾਮੇ
- ਸੇਵਾਵਾਂ, ਮਾਲ-ਅਸਬਾਬ ਅਤੇ ਸਹੂਲਤਾਂ
- ਯੂਨੀਅਨਾਂ ਜਾਂ ਕਿੱਤਾ-ਮੁਖੀ/ ਪੇਸ਼ਾਵਰ ਸੰਸਥਾਵਾਂ

### ਵਿਤਕਰਾ ਕੀ ਹੁੰਦਾ ਹੈ?

ਕਿਸੇ ਨਾਲ ਅਨਿਆਂਕਾਰੀ ਰਵੱਈਏ ਨਾਲ ਪੇਸ਼ ਆਉਣਾ ਵਿਤਕਰਾ ਹੋ ਸਕਦਾ ਹੈ ਜੇ ਅਨਿਆਂਕਾਰੀ ਵਤੀਰਾ ਹੇਠਾਂ ਦਰਜ ਕਾਰਣਾਂ ਜਾਂ ਤੱਤਾਂ ਵਿੱਚੋਂ ਕਿਸੇ ਇੱਕ ਦੀ ਵਜ੍ਹਾ ਕਰ ਕੇ ਹੋਇਆ ਹੋਵੇ:

- ਨਸਲ, ਰੰਗ
- ਵੰਸ਼
- ਮੂਲ ਪਿਛੋਕੜ
- ਨਾਗਰਿਕਤਾ
- ਨਸਲੀ ਮੂਲ
- ਫਿਰਕਾ (ਧਰਮ)
- ਵੈਲਫੇਅਰ ਲੈਂਦੇ ਹੋਣਾ (ਸਿਰਫ਼ ਰਿਹਾਇਸ਼ ਦੇ ਮਾਮਲੇ ਵਿੱਚ)
- ਲਿੰਗੀ ਰੁਝਾਨ
- ਸ਼ਾਦੀ-ਸ਼ੁਦਾ ਹੋਣਾ ਜਾਂ ਨਾ ਹੋਣਾ
- ਪਰਿਵਾਰਕ ਰੁਤਬਾ
- ਜੁਰਮਾਂ ਦਾ ਲੇਖਾ ਮੌਜੂਦ ਹੋਣਾ (ਸਿਰਫ਼ ਰੋਜ਼ਗਾਰ ਦੇ ਮਾਮਲੇ ਵਿੱਚ, ਜੇ ਮੁਆਫੀ ਮਿਲ ਚੁੱਕੀ ਹੋਵੇ)
- ਉਮਰ
- ਅਪਾਹਜਤਾ
- ਲਿੰਗ (ਇਸ ਵਿੱਚ ਗਰਭਵਤੀ ਹੋਣ ਦੇ ਮਾਮਲੇ ਸ਼ਾਮਲ ਹਨ)

ਅਨਿਆਂਕਾਰੀ ਰਵੱਈਏ ਵਿੱਚ ਸ਼ਾਮਲ ਹੈ:

ਕਿਸੇ ਨੂੰ ਕੋਈ ਲਾਭ ਦੇਣ ਤੋਂ ਇਨਕਾਰ ਕਰਨਾ, ਕਿਸੇ ਨੂੰ ਕਿਸੇ ਮੌਕੇ ਤੋਂ ਵਾਂਝਿਆਂ ਰੱਖਣਾ,
ਅਤੇ/ਜਾਂ ਉਪ੍ਰੋਕਤ ਦੱਸੇ ਕਾਰਣਾਂ ਵਿੱਚੋਂ ਕਿਸੇ ਇੱਕ ਕਰ ਕੇ ਕਿਸੇ ਉੱਤੇ ਕੋਈ ਵੱਖਰੀ ਜ਼ਿੰਮੇਵਾਰੀ ਪਾ ਦੇਣਾ

ਵਿਤਕਰਾ ਉਸ ਸੂਰਤ ਵਿੱਚ ਵੀ ਹੋ ਸਕਦਾ ਹੈ ਜਦੋਂ ਰੋਜ਼ਗਾਰਦਾਤਾ, ਜਾਇਦਾਦ ਦੇ ਮਾਲਕ ਜਾਂ ਸੇਵਾ ਪੇਸ਼ ਕਰਨ ਵਾਲ਼ੇ ਦਾ ਵਿਤਕਰਾ ਕਰਨ ਦਾ ਕੋਈ ਇਰਾਦਾ ਨਾ ਵੀ ਹੋਵੇ। ਮਿਸਾਲ ਵਜੋਂ, ਜੇ ਰੋਜ਼ਗਾਰਦਾਤਾ, ਜਾਇਦਾਦ ਦਾ ਮਾਲਕ ਜਾਂ ਸੇਵਾ ਪੇਸ਼ ਕਰਨ ਵਾਲ਼ਾ ਕਿਸੇ ਕਰਮਚਾਰੀ, ਕਿਰਾਏਦਾਰ ਜਾਂ ਗਾਹਕ ਦੀਆਂ ਖਾਸ ਲੋੜਾਂ ਦਾ ਖਿਆਲ ਕਰਨ ਵਿੱਚ ਨਾਕਾਮਯਾਬ ਰਹੇ ਜਦੋਂ ਲੋੜਾਂ *ਕੋਡ* ਵਿੱਚ ਦੱਸੇ ਤੱਤਾਂ ਵਿੱਚੋਂ ਕਿਸੇ ਇੱਕ ਨਾਲ ਜੁੜੀਆਂ ਹੋਣ।

ਵਿਤਕਰੇ ਦੀਆਂ ਉਦਾਹਰਣਾਂ:
ਤੁਸੀਂ ਅਪਾਰਟਮੈਂਟ ਲੱਭ ਰਹੇ ਹੋਵੋਂ ਅਤੇ ਮਾਲਕ-ਮਕਾਨ ਕਹੇ "ਨਾ, ਅਸੀਂ ਇੱਥੇ ਬੱਚਿਆਂ ਨਾਲ਼ ਰਹਿਣ ਦੀ ਇਜਾਜ਼ਤ ਨਹੀਂ ਦਿੰਦੇ।"

ਰੋਜ਼ਗਾਰ ਲਈ ਕਿਸੇ ਇੰਟਰਵਿਊ ਮੌਕੇ ਰੋਜ਼ਗਾਰਦਾਤਾ ਕਹੇ "ਅਸੀਂ ਤੁਹਾਨੂੰ ਕੰਮ 'ਤੇ ਨਹੀਂ ਰੱਖ ਸਕਦੇ ਕਿਉਂਕਿ ਤੁਸੀਂ ਗਰਭਵਤੀ ਹੋ, ਜਾਂ ਤੁਹਾਡਾ ਗਰਭਵਤੀ ਹੋਣ ਬਾਰੇ ਵਿਚਾਰ ਕਰ ਰਹੇ ਹੋ।"

ਕੰਮ ਉੱਤੇ ਤੁਹਾਡਾ ਬੌਸ ਤੁਹਾਨੂੰ ਕਹਿੰਦਾ ਹੈ, "ਦਿਲੋਂ ਅਸੀਂ ਚਾਹੁੰਦੇ ਹਾਂ ਕਿ ਤੈਨੂੰ ਤਰੱਕੀ ਦਿੱਤੀ ਜਾਵੇ ਪਰ ਸਾਡੇ ਗਾਹਕ ਹਿਜਾਬ ਵਾਲ਼ਿਆਂ ਨਾਲ਼ ਵਾਹ ਰੱਖਣਾ ਪਸੰਦ ਨਹੀਂ ਕਰਦੇ" ਜਾਂ "ਸਾਨੂੰ ਤੁਹਾਡੀ ਛੁੱਟੀ ਕਰਨੀ ਪੈਣੀ ਹੈ ਕਿਉਂਕਿ ਜਿਸ ਕੰਮ ਲਈ ਤੁਹਾਨੂੰ ਰੱਖਿਆ ਸੀ, ਉਹ ਕੰਮ-ਕਾਜ ਹੁਣ ਤੁਸੀਂ ਆਪਣੀ ਸੱਟ ਕਰ ਕੇ ਕਰ ਨਹੀਂ ਸਕਦੇ।"